Code : 820138-SA1(M)

# SUMMATIVE ASSESSMENT- 1

## ਛਿਮਾਹੀ ਪ੍ਰੀਖਿਆ- (2013- 2014)

ਜਮਾਤ- ਅੱਠਵੀਂ

ਸਮਾਂ- 3 ਘੰਟੇ | ਵਿਸ਼ਾ- ਪੰਜਾਬੀ | ਕੁਲ ਅੰਕ- 90

ਜ਼ਰੂਰੀ ਨੋਟ :- 1. ਪੇਪਰ ਤਰਤੀਬ ਅਨੁਸਾਰ ਹੱਲ ਕਰੋ ।
2. ਲਿਖਾਈ ਦੀ ਸੁੰਦਰਤਾ ਤੇ ਸਪਸ਼ੱਟਤਾ ਦਾ ਧਿਆਨ ਰੱਖੋ ।
3. ਸਾਰੇ ਪ੍ਰਸ਼ਨ ਹੱਲ ਕਰਨੇ ਜਰੂਰੀ ਹਨ ।

### ਭਾਗ- ੳ (ਸਾਹਿਤ)

1. (ੳ) ਹੇਠ ਲਿਖੀਆਂ ਕਾਵਿ- ਪੰਕਤੀਆਂ ਦੇ ਅਧਾਰ ਤੇ ਪ੍ਰਸ਼ਨਾਂ ਦੇ ਉੱਤਰ ਦਿਓ :-

ਰਵੀਦਾਸ, ਕਬੀਰ, ਧੰਨੇ ਨੇ,
ਆਖਿਆ ਉਸ ਨੂੰ ਮਹਾਂ ਤੇਜਸਵੀ,
ਨਾਨਕ ਗੁਰੂ ਤੇ ਸਤਿਗੁਰੂ ਅਰਜਨ,
ਦਿੱਤੀ ਥਾਂ ਸਦੀਵ- ਸ਼ਬਦ ਦੀ ।

1. ਕਵਿਤਾ ਤੇ ਕਵੀ ਦਾ ਨਾਂ ਲਿਖੋ । **2**
2. ਕਵਿਤਾ ਵਿੱਚ ਮਹਾਂ ਤੇਜਸਵੀ ਕਿਸ ਨੂੰ ਆਖਿਆ ਗਿਆ ਹੈ । **1**
3. ਕਾਵਿ-ਟੋਟੇ ਵਿੱਚ ਕਿਹੜੇ-ਕਿਹੜੇ ਮਹਾਂਪੁਰਸ਼ ਦੇ ਨਾਂ ਆਏ ਹਨ ? **1**
4. 'ਸਦੀਵ-ਸ਼ਬਦ' ਦਾ ਕੀ ਅਰਥ ਹੈ ? **1**

(ਅ) 'ਵਰਖਾ ਰੁੱਤ ਆਈ' ਕਵਿਤਾ ਦਾ ਸਾਰ ਲਿਖੋ । **5**

2. ਹੇਠਾਂ ਲਿਖੇ ਪ੍ਰਸ਼ਨਾਂ ਦੇ ਉੱਤਰ (30-35) ਸ਼ਬਦਾਂ ਵਿਚ ਲਿਖੋ :- **5×2=10**

ੳ) ਮਗਰਮੱਛਣੀ ਨੇ ਆਪਣੇ ਬੱਚੇ ਕਿਵੇਂ ਪਾਲੇ ?
ਅ) ਕੰਵਲਨੈਣ ਦੀ ਦਿਨੋ-ਦਿਨ ਤਰੱਕੀ ਦਾ ਕੀ ਭੇਤ ਸੀ ?
ੲ) ਬੋਤੇ ਤੇ ਕੀਤੀ ਸਵਾਰੀ ਨਾਲ ਮਾਮੇ ਦਾ ਕੀ ਹਾਲ ਹੋਇਆ ?
ਸ) ਮਾਸਟਰ ਬੁੱਧ ਸਿੰਘ ਦੇ ਹਰਮਨ ਪਿਆਰਾ ਹੋਣ ਦੇ ਕੀ ਕਾਰਣ ਸਨ ?
ਹ) ਮਗਰਮੱਛਣੀ ਜੰਗਲ ਵਿਚੱ ਕਿਵੇਂ ਪਹੁੰਚ ਗਈ ?

3. ਨਿਮਨਲਿਖਤ ਪ੍ਰਸ਼ਨਾਂ ਦੇ ਉੱਤਰ ਇੱਕ ਸਤਰ ਵਿੱਚ ਦਿਓ :- **12×1=12**

ੳ) ਨਿਹਾਲੇ ਦੇ ਬਾਪੂ ਦੀ ਖੁਰਲੀ ਕਿਥੋਂ ਤੱਕ ਲੰਬੀ ਸੀ ?
ਅ) ਰਮਾਇਣ ਦੀ ਕਥਾ ਨੂੰ ਕਿੰਨੇ ਭਾਗਾਂ ਵਿੱਚ ਵੰਡਿਆ ਜਾਂਦਾ ਹੈ ?
ੲ) ਸਾਹ ਨਾ ਟੁੱਟਣ ਦਾ ਸਿਰੜ ਬੰਦੇ ਨੂੰ ਕੀ ਸਿਖਾਉਂਦਾ ਹੈ ?
ਸ) ਲੇਖਕ ਨੂੰ ਪਹਿਲੀ ਵਾਰੀ ਗੱਪਬਾਜ ਦੇ ਦਰਸ਼ਨ ਕਿੱਥੇ ਹੋਏ ?
ਹ) ਪੀਰ-ਕੌਡੀ ਕਿਸ ਇਲਾਕੇ ਵਿੱਚ ਖੇਡੀ ਜਾਂਦੀ ਹੈ ?

ਕ) ਸ਼ਮੀ-ਬ੍ਰਿਛ ਕਾਹਦਾ ਪ੍ਰਤੀਕ ਹੈ ?

ਖ) ਗੱਪਬਾਜ ਦੀ ਪਤਨੀ ਦੇ ਦਾਜ ਵਿੱਚ ਕਿੰਨੇ ਤੋਲੇ ਸੋਨਾ ਆਇਆ ਸੀ ?

ਗ) 'ਕਬੱਡੇ-ਸ਼ਬਦ ਦਾ ਕੀ ਅਰਥ ਹੈ ?

ਘ) 'ਦੁਸ਼ਹਿਰਾ'-ਪਾਠ ਦਾ ਲੇਖਕ ਕੌਣ ਹੈ ?

ਙ) ਕਿਸ ਕੌਡੀ ਵਿੱਚ ਦਾਇਰਾ ਨਹੀਂ ਹੁੰਦਾ ?

ਚ) ਗੱਪਬਾਜਾਂ ਦਾ ਵੱਡਾ-ਵਡੇਰਾ ਕਿਸ ਨੂੰ ਮੰਨਿਆਂ ਜਾਦਾਂ ਹੈ ?

ਛ) ਦੁਸਹਿਰੇ ਨੂੰ ਹੋਰ ਕੀ ਆਖਦੇ ਹਨ ?

4. ਕੰਨਿਆ- ਕੁਮਾਰੀ (ਯਾਤਰਾ) ਦੇ ਅਧਾਰ ਉਤੇ ਲਿਖੋ ਕਿ ਜਦੋਂ ਅਸੀਂ ਕਿਸੇ ਧਾਰਮਿਕ ਜਾਂ ਇਤਿਹਾਸਕ ਸਥਾਨ ਦੀ ਯਾਤਰਾ ਕਰਦੇ ਹਾਂ ਤਾਂ ਸਾਨੂੰ ਕੀ ਕੁਝ ਸਿੱਖਣ ਨੂੰ ਮਿਲਦਾ ਹੈ? (ਲੱਗਭੱਗ-100 ਸ਼ਬਦਾਂ ਵਿੱਚ) **4×1=4**

**ਜਾਂ**

ਰਾਣੀ ਸਾਹਿਬ ਕੌਰ ਨੂੰ ਆਪਣੀ ਰਿਆਸਤ ਨੂੰ ਬਚਾਉਣ ਲਈ ਕਈ ਮੁਸ਼ਕਲਾਂ ਦਾ ਸਾਹਮਣਾ ਕਰਨਾ ਪਿਆ। ਉਸ ਨੇ ਬੜੀ ਸਿਆਣਪ ਤੇ ਸੂਝ- ਬੂਝ ਨਾਲ ਆਪਣੀ ਪਿਤਾ- ਪੁਰਖੀ ਰਿਆਸਤ ਨੂੰ ਬਚਾਇਆ। ਜੇਕਰ ਕਦੇ ਕੋਈ ਬੇਇਮਾਨੀ ਕਰਕੇ ਤੁਹਾਡਾ ਹੱਕ ਖੋਹਣ ਦੀ ਕੋਸ਼ਿਸ਼ ਕਰੇ ਤਾਂ ਤੁਸੀਂ ਕੀ- ਕੀ ਯਤਨ ਕਰੋਗੇ। (ਲੱਗਭੱਗ- 100 ਸ਼ਬਦਾਂ ਵਿੱਚ)

5. ੳ) ਹੇਠ ਲਿਖੇ ਸ਼ਬਦ ਕਿਸ ਨੇ ਕਿਸ ਨੂੰ ਕਹੇ :- **5×1=5**

1) "ਖੀਰਾ ਨਹੀਂ ਤਾਂ ਦੋਦਾ ਹੋਵੇਗਾ- ਹੋਰ ਕਿਹੜਾ ਇਸ ਦੇ ਇਕੋਤਰ ਸੌ ਦੰਦ ਹੋਣੇ ਐ।"

2) "ਮੈਂ ਚਾਹੁੰਦਾ ਹਾਂ ਤੈਨੂੰ ਕੋਈ ਸੁਗਾਤ ਦਿਆਂ।"

3) "ਹੁਣ ਤਾਂ ਨੇੜੇ ਹੀ ਹੋਣੈ ਬੀਬੀ ਦਾ ਪਿੰਡ।"

4) "ਉਏ ਭੋਲੇ ਕੁੱਕੜ। ਗਿੱਦੜ- ਸਿੰਗੀ ਕੋਈ ਗਿੱਦੜ ਦੇ ਸਿੰਗ ਤੋਂ ਥੋੜੇ ਬਣਦੀ ਹੈ।"

5) "ਕੀ ਹੁੰਦੀਆਂ ਨੇ ਕਾਰਾਂ- ਸ਼ਾਰਾਂ ਬੋਤੇ ਦੇ ਟਾਕਰੇ ਤੇ।"

ਅ) ਹੇਠਾਂ ਲਿਖੇ ਸ਼ਬਦਾਂ ਦੇ ਢੁੱਕਵੇ ਅਰਥ ਲਿਖੋ :- **4×1=4**

1) ਛੱਲਾਂ 2) ਪਰਲੋ 3) ਖੁਸ਼ਗਵਾਰ 4) ਲਸ਼ਕਰ

## ਭਾਗ- ਅ (ਵਿਆਕਰਣ)

6. ਬਹੁ- ਵਿਕਲਪੀ- ਵਿਧੀ ਉਤੇ ਅਧਾਰਤ ਪੁੱਛੇ ਗਏ ਪ੍ਰਸ਼ਨਾਂ ਦੇ ਠੀਕ ਉੱਤਰ ਚੁਣ ਕੇ (✓) ਦਾ ਨਿਸ਼ਾਨ ਲਗਾਓ:

ੳ) 1) 'ਸੁਸਤ' ਦਾ ਵਿਰੋਧੀ ਸ਼ਬਦ ਹੈ :- **5×2=10**

ੳ) ਸੋਹੜ, ਅ) ਚਲਾਕ ੲ) ਚੁਸਤ ਸ) ਹੁਸ਼ਿਆਰ

2) 'ਘ੍ਰਿਣਾ' ਦਾ ਵਿਰੋਧੀ ਸ਼ਬਦ ਹੈ :-

ੳ) ਪ੍ਰੇਮੀ ਅ) ਪਿਆਰਾ ੲ) ਖੁਸ਼ੀ ਸ) ਪਿਆਰ

ਅ) 1) 'ਚਾਨਣ' ਦੇ ਸਹੀ ਸਮਾਨਾਰਥਕ ਚੁਣੋ :-

ੳ) ਉਜਲਾ, ਰੋਸ਼ਨੀ ਅ) ਲੋਅ, ਪ੍ਰਕਾਸ਼ ੲ) ਸਾਫ, ਲਿਸ਼ਕ ਸ) ਰੌਸ਼ਨ, ਚਕੋਰ

2) 'ਅਮਨ' ਦੇ ਸਹੀ ਸਮਾਨਾਰਥਕ ਚੁਣੋ :-

ੳ) ਚੈਨ, ਸ਼ਾਂਤੀ  ਅ) ਜੰਗ, ਤਸੱਲੀ  ੲ) ਸੁੱਖ, ਲੜਾਈ  ਸ) ਚੈਨ, ਸੌਖਾ

ੲ) ਬੁਹਤੇ ਸ਼ਬਦਾਂ ਲਈ ਇੱਕ ਸ਼ਬਦ ਚੁਣੋ :-

1) ਦੁਨੀਆ ਨਾਲ ਬੀਤੀ ਘਟਨਾਂ :-

ੳ) ਹਾਦਸਾ  ਅ) ਲੋਕ- ਬੀਤੀ  ੲ) ਦੁਰਘਟਨਾ  ਸ) ਜੱਗ- ਬੀਤੀ

2) ਜਿਸ ਨੂੰ ਜਿੱਤਿਆ ਨਾ ਜਾ ਸਕੇ :-

ੳ) ਅਜਿੱਤ  ਅ) ਜੇਤੂ  ੲ) ਬਲਵਾਨ  ਸ) ਜੋਸ਼ੀਲਾ

ਸ) 1) 'ਸਹਿ'- ਅਗੇਤਰ ਲਗਾ ਕੇ ਬਣਿਆ ਸਹੀ ਸ਼ਬਦ ਚੁਣੋ :-

ੳ) ਸਹੀ  ਅ) ਸਹਿਕਦਾ  ੲ) ਸਹਿਕਰਮੀ  ਸ) ਸਿਰ

2) 'ਖੁਸ਼'- ਅਗੇਤਰ ਲਗਾ ਕੇ ਬਣਿਆ ਸਹੀ ਸ਼ਬਦ ਚੁਣੋ :-

ੳ) ਖੁਸ਼ਨਸੀਬ  ਅ) ਖੁਸ਼ੀਆਂ  ੲ) ਹਸਮੁੱਖ  ਸ) ਸੜੀਅਲ

ਹ) 1) 'ਆਣੀ'- ਪਿਛੇਤਰ ਲਗਾ ਕੇ ਬਣਿਆ ਸਹੀ ਸ਼ਬਦ ਚੁਣੋ :-

ੳ) ਤਾਣੀ  ਅ) ਤਰਖਾਣੀ  ੲ) ਨਿਆਣੀ  ਸ) ਪਾਣੀ

2) 'ਆਲਾ'- ਪਿਛੇਤਰ ਲਗਾ ਕੇ ਬਣਿਆ ਸਹੀ ਸ਼ਬਦ ਚੁਣੋ :-

ੳ) ਮਾਲਾ  ਅ) ਦੁਆਲਾ  ੲ) ਕਮਾਲਾ  ਸ) ਪੁਸਤਕਾਲਾ

7. ੳ) ਹੇਠਾਂ ਲਿਖੇ ਸ਼ਬਦ ਜੋੜਿਆਂ ਨੂੰ ਵਾਕਾਂ ਵਿੱਚ ਵਰਤ ਕੇ ਅਰਥ- ਭੇਦ ਸਪਸ਼ਟ ਕਰੋ :- **2**

1) ਸਦਾ, ਸੱਦਾ  2) ਸੰਘ, ਸੰਗ

ਅ) ਨਿਮਨ ਲਿਖਤ ਸ਼ਬਦਾਂ ਦੇ ਸ਼ੁਧ ਰੂਪ ਲਿਖੋ :- **2**

ੳ) ਸ਼ੈਹਦ  ਅ) ਕੋਸ਼ਸ਼  ੲ) ਸ੍ਵੀਕਾਰ  ਸ) ਕੇਹੜਾ

8. ਵਿਸ਼ਰਾਮ ਚਿੰਨ੍ਹ ਲਗਾਉ :- **2**

ਗਊਆਂ ਮਹੀਆਂ ਨੂੰ ਵੀ ਵੱਗ ਨਾਲ ਬਾਹਰ ਨਹਾਣ ਪਾਣੀ ਪੀਣ ਭੇਜਣਾਂ ਹੀ ਪੈਂਦਾ ਹੈ ਇਨਸਾਨ ਨੂੰ ਬੰਦ ਕਰਕੇ ਕਿਵੇਂ ਰੱਖਿਆ ਜਾ ਸਕਦਾ ਹੈ

9. ਕਹੇ ਅਨੁਸਾਰ ਵਾਕ- ਵਟਾਂਦਰਾ ਕਰੋ :- **4×1=4**

1) ਭਾਰਤ ਕਿਸੇ ਦੇਸ਼ ਦਾ ਦੁਸ਼ਮਣ ਨਹੀ ।(ਨਾਂਹ- ਵਾਚਕ ਵਾਕ ਤੋਂ ਹਾਂਵਾਚਕ ਬਣਾਉ)
2) ਇਹ ਘਰ ਬਹੁਤ ਸੁੰਦਰ ਹੈ । (ਸਧਾਰਨ ਵਾਕ ਤੋਂ ਵਿਸਮਿਕ ਵਾਕ ਬਣਾਓ)
3) ਅਫਸੋਸ ! ਅਸੀ ਮੈਚ ਹਾਰ ਗਏ । (ਵਿਸਮਿਕ ਵਾਕ ਤੋਂ ਸਰਲ ਵਾਕ ਬਣਾਉ)
4) ਤੂੰ ਮਿਹਨਤ ਬਗੈਰ ਕਿਵੇਂ ਪਾਸ ਹੋ ਸਕਦਾ ਹੈ ? (ਪ੍ਰਸ਼ਨਿਕ ਵਾਕ ਤੋਂ ਸਧਾਰਨ ਵਾਕ ਬਣਾਉ)

10. ੳ) ਨਿਮਨ ਲਿਖਤ ਮੁਹਾਵਰਿਆਂ ਵਿਚੋਂ ਕਿਸੇ 4 ਨੂੰ ਵਾਕਾਂ ਵਿੱਚ ਇੰਞ ਵਰਤੋ ਕਿ ਅਰਥ ਸਪਸ਼ਟ ਹੋ ਜਾਣ : **4×1=4**

1) ਇੱਕ ਮੁੱਠ ਹੋਣਾ  2) ਜਾਨ ਸੁੱਕ ਜਾਣੀ  3) ਕਲਮ ਦਾ ਧਨੀ

4) ਸਰ ਕਰਨਾ  5) ਚਾਂਦੀ ਦੀ ਜੁੱਤੀ ਮਾਰਨਾ

ਅ) ਹੇਠਾਂ ਲਿਖੇ ਅਖਾਣ ਕਿਹੜੇ ਮੌਕਿਆਂ ਤੇ ਵਰਤੇ ਜਾਂਦੇ ਹਨ :- 3×1=3

1) ਆਪਣੇ ਮੂੰਹੋਂ ਮੀਆਂ ਮਿੱਠੂ 2) ਚਮੜੀ ਜਾਵੇ ਪਰ ਦਮੜੀ ਨਾ ਜਾਵੇ

3) ਡੰਡਾ ਪੀਰ ਹੈ ਵਿਗੜਿਆਂ ਤਿਗੜਿਆਂ ਦਾ

11. ਨਿਮਨ ਲਿਖਤ ਪੈਰਾ ਪੜ੍ਹ ਕੇ ਇਸ ਵਿਚੋਂ ਨਾਂਵ ਪੜਨਾਂਵ ਤੇ ਵਿਸ਼ੇਸ਼ਣ ਚੁਣ ਕੇ ਉਸ ਦੀ ਕਿਸਮ ਵੀ ਲਿਖੋ :- 6×½=3

ਪ੍ਰਿਥਵੀ ਰਾਜ ਚੌਹਾਨ ਨੇ ਸਤਾਰਾਂ ਵਾਰ ਮੁਹੰਮਦ ਗੋਰੀ ਨੂੰ ਹਰਾਇਆ ਪਰ ਛੱਡ ਦਿੱਤਾ। ਜਦੋਂ ਮੁਹੰਮਦ ਗੋਰੀ ਨੇ ਪ੍ਰਿਥਵੀ ਰਾਜ ਨੂੰ ਹਰਾਇਆ ਤਾਂ ਉਸ ਨੇ ਇਸ ਮਹਾਨ ਰਾਜੇ ਨੂੰ ਛੱਡਣ ਦੀ ਬਜਾਏ ਉਸ ਦਾ ਕਤਲ ਕਰ ਦਿੱਤਾ।

12. ਹੇਠਾਂ ਲਿਖੇ ਪੈਰੇ ਨੂੰ ਪੜ ਕੇ ਪ੍ਰਸ਼ਨਾਂ ਦੇ ਉੱਤਰ ਦਿਉ :-

ਮਹਾਰਾਜਾ ਰਣਜੀਤ ਸਿੰਘ ਦਾ ਜਨਮ 1780 ਈ: ਨੂੰ ਸਰਦਾਰ ਮਹਾਂ ਸਿੰਘ ਦੇ ਘਰ ਗੁਜਰਾਂਵਾਲਾ ਵਿੱਚ ਹੋਇਆ। ਬਚਪਨ ਵਿੱਚ ਆਪ ਦੀ ਮਾਤਾ ਨੇ ਆਪ ਦਾ ਨਾਂ ਬੁੱਧ ਸਿੰਘ ਰੱਖਿਆ। ਆਪ ਦੇ ਜਨਮ ਦੀ ਖਬਰ ਆਪ ਦੇ ਪਿਤਾ ਨੂੰ ਉਦੋਂ ਮਿਲੀ ਜਦੋਂ ਉਹ ਇੱਕ ਜੰਗ ਜਿੱਤ ਕੇ ਆ ਰਹੇ ਸਨ। ਇਸ ਲਈ ਖੁਸ਼ੀ ਵਿੱਚ ਉਨ੍ਹਾਂ ਨੇ ਇਨ੍ਹਾਂ ਦਾ ਨਾਂ ਰਣਜੀਤ ਸਿੰਘ ਰੱਖ ਦਿੱਤਾ। ਰਣਜੀਤ ਸਿੰਘ ਆਪਣੇ ਆਲੇ- ਦੁਆਲੇ ਦੇ ਇਲਾਕਿਆਂ ਵਿੱਚ ਆਪਣੀ ਬਹਾਦਰੀ, ਸੂਰਬੀਰਤਾ ਅਤੇ ਸਿਆਣਪ ਕਰਕੇ ਪ੍ਰਸਿੱਧ ਸਨ। ਅੱਜ ਵੀ ਲੋਕ ਉਨ੍ਹਾਂ ਨੂੰ ਸ਼ੇਰੇ- ਪੰਜਾਬ ਦੇ ਨਾਂ ਨਾਲ ਯਾਦ ਕਰਦੇ ਹਨ।

1) ਮਹਾਰਾਜਾ ਰਣਜੀਤ ਸਿੰਘ ਦਾ ਜਨਮ ਕਦੋਂ ਤੇ ਕਿਥੇ ਹੋਇਆ ? 1

2) ਆਪ ਦਾ ਨਾਂ ਰਣਜੀਤ ਸਿੰਘ ਕਿਵੇਂ ਪਿਆ ? 1

3) ਲੋਕ ਸ਼ੇਰੇ- ਪੰਜਾਬ ਕਹਿ ਕੇ ਕਿਸ ਨੂੰ ਯਾਦ ਕਰਦੇ ਹਨ ? 1

13. ਡਾਕੀਏ ਦੀ ਲਾਪਰਵਾਹੀ ਬਾਰੇ ਪੋਸਟਮਾਸਟਰ ਨੂੰ ਇੱਕ ਸ਼ਿਕਾਇਤੀ ਪਤੱਰ ਲਿਖੋ। 6

14. ਕਿਸੇ ਇੱਕ ਵਿਸ਼ੇ ਉਤੇ ਲੇਖ ਲਿਖੋ। (ਲੱਗਭਗ 150 ਤੋਂ 200 ਸ਼ਬਦਾਂ ਵਿੱਚ) 6

1) ਵਿਦਿਆਰਥੀ ਤੇ ਖੇਡ 2) ਸ਼੍ਰੀ ਗੁਰੂ ਅਰਜਨ ਦੇਵ ਜੀ